# ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ ਦਾ ਕੋਰੀਆ ਗਣਰਾਜ ਅਤੇ ਜਾਪਾਨ ਨੂੰ ਦੌਰਾ (ਮਾਰਚ 05-08, 2024)

ਫਰਵਰੀ 22, 2024

ਵਿਦੇਸ਼ ਮੰਤਰੀ ਡਾ. ਐਸ ਜੈਸ਼ੰਕਰ (ਈ.ਏ.ਐਮ.) 05-08 ਮਾਰਚ 2024 ਨੂੰ ਕੋਰੀਆ ਗਣਰਾਜ ਅਤੇ ਜਾਪਾਨ ਦੇ ਦੁਵੱਲੀ ਦੌਰੇ ਤੇ ਜਾਣਗੇ।

ਵਿਦੇਸ਼ ਮੰਤਰੀ ਪਹਿਲਾਂ 05-06 ਮਾਰਚ 2024 ਤੱਕ ਮਹਾਮਹਿਮ ਸ਼੍ਰੀ ਚੋ ਤਾਏ-ਯੂਲ, ਕੋਰੀਆ ਗਣਰਾਜ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਦੇ ਨਾਲ 10ਵੀਂ ਭਾਰਤ - ਕੋਰੀਆ ਗਣਰਾਜ ਸੰਯੁਕਤ ਕਮਿਸ਼ਨ ਮੀਟਿੰਗ (ਜੇ.ਸੀ.ਐਮ) ਦੀ ਸਹਿ-ਪ੍ਰਧਾਨਗੀ ਕਰਨ ਲਈ ਸਿਓਲ ਦਾ ਦੌਰਾ ਕਰਨਗੇ। ਦੌਰੇ ਦੇ ਦੌਰਾਨ, ਵਿਦੇਸ਼ ਮੰਤਰੀ ਵੱਲੋਂ ਕੋਰੀਆਈ ਪਤਵੰਤਿਆਂ, ਥਿੰਕ ਟੈਂਕਾਂ ਦੇ ਮੁਖੀਆਂ ਅਤੇ ਭਾਰਤੀ ਭਾਈਚਾਰੇ ਨਾਲ ਵੀ ਮੁਲਾਕਾਤ ਦੀ ਉਮੀਦ ਹੈ।

ਭਾਰਤ – ਕੋਰੀਆ ਗਣਰਾਜ ਵਿਸ਼ੇਸ਼ ਰਣਨੀਤਕ ਸਾਂਝੇਦਾਰੀ ਨੇ ਸਹਿਯੋਗ ਦੇ ਵਿਭਿੰਨ ਖੇਤਰਾਂ ਵਿੱਚ ਵਿਸਤਾਰ ਕੀਤਾ ਹੈ, ਜਿਨ੍ਹਾਂ ਵਿੱਚ ਵਪਾਰ, ਨਿਵੇਸ਼, ਰੱਖਿਆ, ਸਿੱਖਿਆ, ਵਿਗਿਆਨ ਅਤੇ ਟੈਚਨੋਲੋਜੀ (ਐਸ. ਅਤੇ ਟੀ.), ਸੱਭਿਆਚਾਰ ਸ਼ਾਮਲ ਹਨ। ਜੇ.ਸੀ.ਐਮ. ਤੋਂ ਦੁਵੱਲੇ ਸਹਿਯੋਗ ਦੇ ਸਮੁੱਚੇ ਰੂਪ ਦੀ ਵਿਆਪਕ ਸਮੀਖਿਆ ਕਰਨ ਅਤੇ ਇਸ ਨੂੰ ਹੋਰ ਮਜ਼ਬੂਤ ਕਰਨ ਵਾਸਤੇ ਤਰੀਕਿਆਂ ਦੀ ਖੋਜ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਇਹ ਦੋਵੇਂ ਪੱਖਾਂ ਨੂੰ ਆਪਸੀ ਹਿੱਤਾਂ ਦੇ ਖੇਤਰੀ ਅਤੇ ਵਿਸ਼ਵ ਪੱਧਰੀ ਮੁੱਦਿਆਂ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦਾ ਮੌਕਾ ਵੀ ਪ੍ਰਦਾਨ ਕਰੇਗਾ।

ਵਿਦੇਸ਼ ਮੰਤਰੀ ਫਿਰ ਜਾਪਾਨ ਦੀ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀਮਤੀ ਯੋਕੋ ਕਾਮਿਕਾਵਾ ਨਾਲ 16ਵੀਂ ਭਾਰਤ-ਜਾਪਾਨ ਵਿਦੇਸ਼ ਮੰਤਰੀਆਂ ਦੀ ਰਣਨੀਤਕ ਵਾਰਤਾ ਵਾਸਤੇ 06-08 ਮਾਰਚ 2024 ਤੱਕ ਜਾਪਾਨ ਦਾ ਦੌਰਾ ਕਰਨਗੇ। ਦੋਵੇਂ ਮੰਤਰੀਆਂ ਵੱਲੋਂ ਦੁਵੱਲੇ, ਖੇਤਰੀ ਅਤੇ ਗਲੋਬਲ ਮਹੱਤਵ ਦੇ ਮੁੱਦਿਆਂ 'ਤੇ ਚਰਚਾ ਕਰਨ ਅਤੇ ਆਜ਼ਾਦ, ਖੁੱਲ੍ਹੇ, ਸਮਾਵੇਸ਼ੀ, ਸ਼ਾਂਤੀਪੂਰਨ ਅਤੇ ਖੁਸ਼ਹਾਲ ਹਿੰਦ-ਪ੍ਰਸ਼ਾਂਤ ਵਾਸਤੇ ਸਹਿਯੋਗ 'ਤੇ ਵਿਚਾਰਾਂ ਦਾ ਆਦਾਨ-ਪ੍ਰਦਾਨ ਕਰਨ ਦੀ ਉਮੀਦ ਹੈ। ਭਾਰਤ-ਜਾਪਾਨ ਵਿਚਕਾਰ ਵਿਸ਼ੇਸ਼ ਰਣਨੀਤਕ ਅਤੇ ਵਿਸ਼ਵ-ਪੱਧਰੀ ਸਾਂਝੇਦਾਰੀ ਪਿਛਲੇ ਦਹਾਕੇ ਵਿੱਚ ਰੱਖਿਆ ਅਤੇ ਡਿਜੀਟਲ ਟੈਕਨਾਲੋਜੀ, ਸੈਮੀਕੰਡਕਟਰ ਸਪਲਾਈ ਚੇਨ, ਸਾਫ਼ ਊਰਜਾ, ਹਾਈ ਸਪੀਡ ਰੇਲ, ਉਦਯੋਗਿਕ ਮੁਕਾਬਲੇਬਾਜ਼ੀ ਅਤੇ ਸੰਚਾਰ ਵਰਗੇ ਖੇਤਰਾਂ ਵਿੱਚ ਹੋਰ ਡੂੰਘੀ ਹੋਈ ਹੈ। ਵਿਦੇਸ਼ ਮੰਤਰੀ ਦੇ ਦੌਰੇ ਅਤੇ ਟੋਕੀਓ ਵਿੱਚ ਬੈਠਕਾਂ ਇਹਨਾਂ ਖੇਤਰਾਂ ਵਿੱਚ ਸਾਡੇ ਕਾਰਜਾਤਮਕ ਸਹਿਯੋਗ ਨੂੰ ਰਣਨੀਤਕ ਮਾਰਗਦਰਸ਼ਨ ਪ੍ਰਦਾਨ ਕਰਨਗੀਆਂ।

ਵਿਦੇਸ਼ ਮੰਤਰੀ ਟੋਕੀਓ ਵਿੱਖੇ ਪਹਿਲੀ ਰਾਏਸੀਨਾ ਗੋਲਮੇਜ ਬੈਠਕ ਵਿੱਚ ਵੀ ਹਿੱਸਾ ਲੈਣਗੇ। ਗੋਲਮੇਜ਼ ਬੈਠਕ ਭਾਰਤ ਅਤੇ ਜਾਪਾਨ ਦਰਮਿਆਨ ਆਦਾਨ-ਪ੍ਰਦਾਨ ਨੂੰ ਵਧਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਉਹਨਾਂ ਤੋਂ ਵਪਾਰਕ ਨੇਤਾਵਾਂ, ਥਿੰਕ ਟੈਂਕਾਂ ਅਤੇ ਅਕਾਦਮੀਆਂ ਨਾਲ ਗੱਲਬਾਤ ਕਰਨ, ਮਜ਼ਬੂਤ ਸੱਭਿਆਚਾਰਕ ਅਤੇ ਲੋਕਾਂ ਦੇ ਲੋਕਾਂ ਨਾਲ ਸਬੰਧਾਂ ਨੂੰ ਬਣਾਉਣਾ ਦੀ ਉਮੀਦ ਕੀਤੀ ਜਾਂਦੀ ਹੈ।

ਵਿਦੇਸ਼ ਮੰਤਰੀ ਦੇ ਕੋਰੀਆ ਗਣਰਾਜ ਅਤੇ ਜਾਪਾਨ, ਜੋ ਸਾਡੇ ਦੋ ਪ੍ਰਮੁੱਖ ਸਾਂਝੀਦਾਰ ਹਨ, ਦੇ ਦੌਰੇ ਦੁਵੱਲੇ ਆਦਾਨ-ਪ੍ਰਦਾਨ ਨੂੰ ਹੋਰ ਗਤੀ ਪ੍ਰਦਾਨ ਕਰਨਗੇ ਅਤੇ ਭਵਿੱਖ ਵਿੱਚ ਸਹਿਯੋਗ ਵਾਸਤੇ ਏਜੰਡਾ ਤੈਅ ਕਰਨਗੇ।

**ਨਵੀਂ ਦਿੱਲੀ**

**ਫਰਵਰੀ 22, 2024**